College of Chiropractors of Ontario
L'Ordre des Chiropraticiens de l'Ontario
59 Hayden Street
Suite 800
Toronto, Ontario
M4Y 0E7
Tel: 416-922-6355
Toll Free: 1-877-577-4772
Fax:416-925-9610
cco.info@cco.on.ca
www.cco.on.ca

26 ਫ਼ਰਵਰੀ, 2026

Brampton, Ontario

***<u>ਨਿੱਜੀ ਅਤੇ ਗੁਪਤ</u>***
***<u>ਤੁਹਾਡਾ ਤੁਰੰਤ ਧਿਆਨ ਦਿਵਾਉਣ ਲਈ</u>***

ਸ੍ਰੀ ਸਾਬੀ ਹੱਡੀਆਂ ਵਾਲਾ

**ਵਿਸ਼ਾ: ਨਿਯੰਤਰਿਤ ਕਾਰਜ ਕਰਨ ਅਤੇ ਆਪਣੇ ਆਪ ਨੂੰ ਇੱਕ ਅਜਿਹੇ ਵਿਅਕਤੀ ਵਜੋਂ ਪੇਸ਼ ਕਰਨ ਦੇ ਸੰਬੰਧ ਵਿੱਚ ਜੋ ਨਿਯੰਤਰਿਤ ਕਾਰਜ ਕਰਨ ਲਈ ਅਧਿਕਾਰਤ ਹੈ, ਸੰਬੰਧੀ ਹਵਾਲਾ।**

ਸਤਿਕਾਰਯੋਗ ਸ੍ਰੀ ਸਾਬੀ ਹੱਡੀਆਂ ਵਾਲਾ:

College of Chiropractors of Ontario (CCO) ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਤੁਸੀਂ ਸ਼ਾਇਦ ਅਜਿਹੇ ਨਿਯੰਤਰਿਤ ਕਾਰਜ ਕਰ ਰਹੇ ਹੋ ਜੋ Ontario ਵਿੱਚ ਚਾਇਰੋਪ੍ਰੈਕਟਰਾਂ (ਰੀੜ ਦੀ ਹੱਡੀ ਦਾ ਮਾਹਰ) ਅਤੇ ਹੋਰ ਖਾਸ ਨਿਯੰਤ੍ਰਿਤ ਸਿਹਤ ਪੇਸ਼ਿਆਂ ਲਈ ਅਧਿਕਾਰਤ ਹਨ, ਅਤੇ ਆਪਣੇ ਆਪ ਨੂੰ ਇੱਕ ਅਜਿਹੇ ਵਿਅਕਤੀ ਵਜੋਂ ਪੇਸ਼ ਕਰ ਰਹੇ ਹੋ ਜੋ ਨਿਯੰਤਰਿਤ ਕਾਰਜ ਕਰਨ ਜਾਂ ਇੱਕ ਚਾਇਰੋਪ੍ਰੈਕਟਰ ਵਜੋਂ ਅਭਿਆਸ ਕਰਨ ਲਈ ਅਧਿਕਾਰਤ ਹੈ।

*ਰੇਗੂਲੇਟਿਡ ਹੈਲਥ ਪ੍ਰੋਫੈਸ਼ਨਜ਼ ਐਕਟ, 1991 (Regulated Health Professions Act, 1991)* ਦੀ ਧਾਰਾ 27(2) ਅਤੇ *ਚਾਇਰੋਪ੍ਰੈਕਟਿਕ ਐਕਟ, 1991 (Chiropractic Act, 1991)* ਦੀਆਂ ਧਾਰਾਵਾਂ 4 ਅਤੇ 9 ਦੇ ਅਨੁਸਾਰ, ਇਹ ਇੱਕ ਨਿਯੰਤਰਿਤ ਲੋੜ (regulatory requirement) ਹੈ ਕਿ Ontario ਵਿੱਚ ਕੋਈ ਵੀ ਵਿਅਕਤੀ ਜੋ:

- ਚਾਇਰੋਪ੍ਰੈਕਟਰ ਦੇ ਨਾਮ ਹੇਠ, ਜਾਂ ਇਸ ਦੇ ਕਿਸੇ ਬਦਲਵੇਂ ਰੂਪ, ਸੰਖੇਪ ਰੂਪ (abbreviation) ਜਾਂ ਕਿਸੇ ਦੂਜੀ ਭਾਸ਼ਾ ਵਿੱਚ ਇਸ ਨਾਲ ਮੇਲ ਖਾਂਦੇ ਦੇ ਸ਼ਬਦ ਦੀ ਵਰਤੋਂ ਕਰਦਾ ਹੈ,
- ਆਪਣੇ ਆਪ ਨੂੰ ਇੱਕ ਅਜਿਹੇ ਵਿਅਕਤੀ ਵਜੋਂ ਪੇਸ਼ ਕਰਦਾ ਹੈ ਜੋ Ontario ਵਿੱਚ ਇੱਕ ਚਾਇਰੋਪ੍ਰੈਕਟਰ ਵਜੋਂ ਜਾਂ ਚਾਇਰੋਪ੍ਰੈਕਟਿਕ ਦੀ ਕਿਸੇ ਵਿਸ਼ੇਸ਼ ਮੁਹਾਰਤ ਵਿੱਚ ਅਭਿਆਸ ਕਰਨ ਲਈ ਯੋਗ ਹੈ, ਜਾਂ
- ਅਜਿਹਾ ਵਿਅਕਤੀ ਜੋ "ਇੱਕ ਤੇਜ਼ ਅਤੇ ਘੱਟ ਦਬਾਅ ਵਾਲੇ ਝਟਕੇ ਦੀ ਵਰਤੋਂ ਕਰਦੇ ਹੋਏ, ਰੀੜ੍ਹ ਦੀ ਹੱਡੀ ਦੇ ਜੋੜਾਂ ਨੂੰ ਵਿਅਕਤੀ ਦੀ ਆਮ ਸਰੀਰਕ ਸੀਮਾ ਤੋਂ ਪਰ੍ਹੇ ਖਿਸਕਾਉਣ" ਦਾ ਨਿਯੰਤਰਿਤ ਕਾਰਜ ਕਰਦਾ ਹੈ, ਤਾਂ ਉਸ ਲਈ ਇਸ ਨਿਯੰਤਰਿਤ ਕਾਰਜ ਨੂੰ ਕਰਨ ਲਈ ਕਾਨੂੰਨੀ ਅਧਿਕਾਰ ਪ੍ਰਾਪਤ CCO ਜਾਂ ਕਿਸੇ ਹੋਰ ਅਜਿਹੇ ਸਿਹਤ ਰੈਗੂਲੇਟਰੀ ਕਾਲਜ ਦਾ ਮੈਂਬਰ ਹੋਣਾ ਲਾਜ਼ਮੀ ਹੈ।

ਰਜਿਸਟ੍ਰੇਸ਼ਨ ਸਰਟੀਫਿਕੇਟ ਤੋਂ ਬਿਨਾਂ ਚਾਇਰੋਪ੍ਰੈਕਟਿਕ ਦਾ ਅਭਿਆਸ ਕਰਨ ਜਾਂ ਕੋਈ ਨਿਯੰਤਰਿਤ ਕਾਰਜ ਕਰਨ ਨਾਲ ਸੰਬੰਧਿਤ ਕਿਸੇ ਵੀ ਹੋਰ ਸੰਭਾਵੀ ਦੋਸ਼ ਜਾਂ ਕਾਨੂੰਨੀ ਕਾਰਵਾਈ ਤੋਂ ਬਚਣ ਲਈ, CCO ਤੁਹਾਨੂੰ ਸਲਾਹ ਦਿੰਦਾ ਹੈ ਕਿ ਤੁਸੀਂ ਇਹ ਯਕੀਨੀ ਬਣਾਓ ਕਿ ਲੋਕਾਂ ਨੂੰ ਕੁਝ ਵੀ ਅਜਿਹਾ ਨਾ ਦੱਸਿਆ ਜਾਵੇ ਜਾਂ ਖੁਦ ਨੂੰ ਅਜਿਹੇ ਮਾਹਰ ਵਜੋਂ ਨਾ ਪੇਸ਼ ਕੀਤਾ ਜਾਵੇ, ਨਾ

**College of Chiropractors of Ontario**

**L'Ordre des Chiropraticiens de l'Ontario**

59 Hayden Street
Suite 800
Toronto, Ontario
M4Y 0E7

Tel: 416-922-6355
Toll Free: 1-877-577-4772
Fax:416-925-9610
cco.info@cco.on.ca
www.cco.on.ca

ਹੀ ਤੁਹਾਡੀ ਵੈੱਬਸਾਈਟ ਜਾਂ ਸੋਸ਼ਲ ਮੀਡੀਆ 'ਤੇ ਅਜਿਹਾ ਕੁਝ ਹੋਵੇ, ਜੋ ਇਹ ਦਰਸਾਉਂਦਾ ਹੋਵੇ ਕਿ ਤੁਸੀਂ ਇੱਕ ਚਾਇਰੋਪ੍ਰੈਕਟਰ ਹੋ, ਚਾਇਰੋਪ੍ਰੈਕਟਿਕ ਦਾ ਅਭਿਆਸ ਕਰ ਰਹੇ ਹੋ, ਜਾਂ ਕੋਈ ਨਿਯੰਤਰਿਤ ਕਾਰਜ ਕਰ ਰਹੇ ਹੋ। ਇਸ ਦੇ ਨਾਲ ਹੀ, ਕਿਰਪਾ ਕਰਕੇ ਇਹ ਯਕੀਨੀ ਬਣਾਓ ਕਿ ਤੁਸੀਂ Ontario ਵਿੱਚ ਇੱਕ ਚਾਇਰੋਪ੍ਰੈਕਟਰ ਵਜੋਂ ਅਭਿਆਸ ਨਾ ਕਰਦੇ ਹੋਵੋਂ ਅਤੇ ਨਾ ਹੀ ਕੋਈ ਅਜਿਹਾ ਨਿਯੰਤਰਿਤ ਕਾਰਜ ਕਰਦੇ ਹੋਵੋਂ ਜੋ ਚਾਇਰੋਪ੍ਰੈਕਟਰਾਂ ਲਈ ਅਧਿਕਾਰਤ ਹੋਵੇ।

ਇਸ ਮਾਮਲੇ ਵੱਲ ਤੁਰੰਤ ਧਿਆਨ ਦੇਣ ਲਈ ਤੁਹਾਡਾ ਧੰਨਵਾਦ।

ਆਦਰ ਸਹਿਤ,

Tina Perryman
ਮੈਨੇਜਰ, ਪੁੱਛਗਿੱਛ, ਸ਼ਿਕਾਇਤਾਂ ਅਤੇ ਰਿਪੋਰਟਾਂ/tp